Australian Government

COVID-19 VACCINATION

# COVID-19 ਟੀਕਾਕਰਨ ਵਾਸਤੇ ਤਿਆਰੀ ਕਰਨੀ

ਆਖਰੀ ਵਾਰ ਅਪਡੇਟ ਕੀਤਾ ਗਿਆ: 30 ਜੁਲਾਈ 2021

## ਯਕੀਨੀ ਬਣਾਓ ਕਿ ਤੁਹਾਡੇ ਵੇਰਵੇ ਸਹੀ ਹਨ

ਜਦ ਤੁਸੀਂ ਆਪਣੀ ਮੁਲਾਕਾਤ ਦੀ ਉਡੀਕ ਕਰਦੇ ਹੋ, ਤਾਂ ਤਿਆਰ ਹੋਣ ਲਈ ਤੁਸੀਂ ਹੁਣ ਕੁਝ ਚੀਜ਼ਾਂ ਪਹਿਲਾਂ ਕਰ ਸਕਦੇ ਹੋ।

ਯਕੀਨੀ ਬਣਾਓ ਕਿ ਤੁਹਾਡੇ ਵੇਰਵੇ ਮੈਡੀਕੇਅਰ ਕੋਲ ਨਵੀਨਤਮ ਹਨ। ਜੇ ਤੁਸੀਂ ਯੋਗ ਹੋ (ਨੋਟ ਕਰੋ ਕਿ ਜੇ ਤੁਸੀਂ ਮੈਡੀਕੇਅਰ ਵਾਸਤੇ ਯੋਗ ਨਹੀਂ ਹੋ ਤਾਂ ਵੀ ਤੁਸੀਂ COVID-19 ਵੈਕਸੀਨ ਲਗਵਾ ਸਕਦੇ ਹੋ)। ਤੁਸੀਂ ਹੇਠ ਲਿਖਿਆ ਨੂੰ ਵਰਤ ਕੇ ਇਹ ਕਰ ਸਕਦੇ ਹੋ:

- myGov ਰਾਹੀਂ ਮੈਡੀਕੇਅਰ ਔਨਲਾਈਨ ਖਾਤਾ
- ਐਕਸਪ੍ਰੈੱਸ ਪਲੱਸ ਮੈਡੀਕੇਅਰ ਐਪ।
- ਮੈਡੀਕੇਅਰ ਪ੍ਰੋਗਰਾਮ ਨੂੰ ਫੋਨ ਕਰਕੇ।

ਜੇ ਤੁਸੀਂ ਆਪਣਾ ਖਾਤਾ ਸੈੱਟ ਅੱਪ ਨਹੀਂ ਕੀਤਾ, ਤਾਂ ਤੁਸੀਂ ਕਰ ਸਕਦੇ ਹੋ:

- ਜੇ ਤੁਸੀਂ ਪਹਿਲਾਂ ਨਾਮ ਦਰਜ ਨਹੀਂ ਕੀਤਾ ਹੈ ਤਾਂ ਮੈਡੀਕੇਅਰ ਵਿੱਚ ਨਾਮ ਦਰਜ ਕਰੋ।
- ਆਪਣਾ ਮੈਡੀਕੇਅਰ ਔਨਲਾਈਨ ਖਾਤਾ ਸੈੱਟ ਅੱਪ ਕਰੋ, ਜੇ ਤੁਸੀਂ ਮੈਡੀਕੇਅਰ ਨਾਲ ਨਾਮ ਦਰਜ ਕਰ ਲਿਆ ਹੈ, ਪਰ myGov ਨਾਲ ਮੈਡੀਕੇਅਰ ਲਿੰਕ ਨਹੀਂ ਕੀਤਾ ਹੈ।
- ਜੇ ਤੁਸੀਂ ਮੈਡੀਕੇਅਰ ਵਾਸਤੇ ਯੋਗ ਨਹੀਂ ਹੋ ਤਾਂ ਵਿਅਕਤੀਗਤ ਸਿਹਤ ਪਛਾਣਕਰਤਾ (IHI) ਪ੍ਰਾਪਤ ਕਰੋ।

ਇਕ ਵਾਰ ਜਦ ਤੁਸੀਂ ਆਪਣੀ ਵੈਕਸੀਨ ਲਗਵਾ ਲੈਂਦੇ ਹੋ, ਤਾਂ ਤੁਸੀਂ ਆਪਣੀ ਟੀਕਾਕਰਨ ਦੀ ਅਵਸਥਾ ਨੂੰ ਸਾਬਤ ਕਰਨ ਲਈ ਟੀਕਾਕਰਨ ਦੇ ਇਤਿਹਾਸ ਬਾਰੇ ਸੂਚੀ (ਸਟੇਟਮੈਂਟ) ਲੈਣ ਦੇ ਯੋਗ ਹੋਵੋਗੇ। ਤੁਸੀਂ ਇਹ ਪਤਾ ਕਰ ਸਕਦੇ ਹੋ ਕਿ ਸਰਵਿਸਜ਼ ਆਸਟ੍ਰੇਲੀਆ ਦੀ ਵੈੱਬਸਾਈਟ ਤੋਂ ਆਪਣੇ ਟੀਕਾਕਰਨ ਦੇ ਇਤਿਹਾਸ ਦੀ ਸੂਚੀ ਕਿਵੇਂ ਪ੍ਰਾਪਤ ਕਰਨੀ ਹੈ।

## ਆਪਣੀ ਮੁਲਾਕਾਤ ਵਾਸਤੇ ਤਿਆਰ ਹੋਣਾ

ਆਸਟ੍ਰੇਲੀਆ ਅਤੇ ਵਿਸ਼ਵ ਪੱਧਰ ਤੇ COVID-19 ਵੈਕਸੀਨਾਂ ਦੀ ਸਪਲਾਈ ਸੀਮਤ ਹੈ। ਇਸ ਦਾ ਮਤਲਬ ਇਹ ਹੈ ਕਿ ਜਿੰਨ੍ਹਾਂ ਲੋਕਾਂ ਨੂੰ ਗੰਭੀਰ COVID-19 ਅਤੇ/ਜਾਂ ਵਾਇਰਸ ਦੇ ਸੰਪਰਕ ਵਿੱਚ ਆਉਣ ਦਾ ਸਭ ਤੋਂ ਵੱਧ ਖਤਰਾ ਹੁੰਦਾ ਹੈ, ਉਹਨਾਂ ਨੂੰ ਵੈਕਸੀਨ ਪਹਿਲਾਂ ਮਿਲੇਗੀ। ਸਮੇਂ ਦੇ ਨਾਲ ਹੋਰ ਲੋਕਾਂ ਨੂੰ ਵੈਕਸੀਨ ਮਿਲੇਗੀ। www.health.gov.au/covid19-vaccines ਉੱਤੇ ਜਾ ਕੇ ਪਤਾ ਕਰੋ ਕਿ ਟੀਕਾਕਰਨ ਵਾਸਤੇ

ਕਿਸ ਨੂੰ ਤਰਜੀਹ ਦਿੱਤੀ ਜਾਵੇਗੀ। ਤੁਸੀਂ ਇਹ ਵੇਖਣ ਲਈ ਜਾਂਚ ਕਰ ਸਕਦੇ ਹੋ ਕਿ ਕੀ ਤੁਸੀਂ https://covid-vaccine.healthdirect.gov.au/ ਉੱਤੇ ਜਾ ਕੇ ਅਜੇ COVID-19 ਟੀਕਾਕਰਨ ਬੁੱਕ ਕਰ ਸਕਦੇ ਹੋ।

ਤੁਹਾਨੂੰ COVID-19 ਟੀਕਾਕਰਨ ਮੁਲਾਕਾਤ ਤੇ ਹਾਜ਼ਰ **ਨਹੀਂ** ਹੋਣਾ ਚਾਹੀਦਾ, ਜੇ ਤੁਸੀਂ:

- ਬੁਖਾਰ, ਖੰਘ, ਵਗਦਾ ਨੱਕ ਜਾਂ ਹੋਰ ਲੱਛਣਾਂ ਨਾਲ ਬਿਮਾਰ ਹੋ ਜੋ COVID-19 ਤੋਂ ਹੋ ਸਕਦੇ ਹਨ
- COVID-19 ਟੈਸਟ ਦੇ ਨਤੀਜਿਆਂ ਦੀ ਉਡੀਕ ਕਰ ਰਹੇ ਹਨ
- COVID-19 ਦਾ ਟੈਸਟ ਪੌਜ਼ੇਟਿਵ ਆਇਆ ਹੈ ਅਤੇ ਤੁਸੀਂ ਵੱਖਰੇ ਰਹਿ ਰਹੇ ਹੋ
- ਕੁਆਰਨਟੀਨ ਵਿੱਚ ਹੋ
- COVID-19 ਵਾਲੇ ਕਿਸੇ ਵਿਅਕਤੀ ਦੇ ਨਜ਼ਦੀਕੀ ਸੰਪਰਕ ਹੋ।

ਜੇ ਤੁਸੀਂ ਉੱਪਰ ਦਿੱਤੀਆਂ ਸ਼੍ਰੇਣੀਆਂ ਵਿੱਚੋਂ ਕਿਸੇ ਵਿੱਚ ਆਉਂਦੇ ਹੋ, ਤਾਂ ਆਪਣੇ ਟੀਕਾਕਰਨ ਪ੍ਰਦਾਤਾ ਕੋਲੋਂ ਪਤਾ ਕਰੋ। ਤੁਹਾਨੂੰ ਟੀਕਾਕਰਨ ਵਾਸਤੇ ਆਪਣੀ ਤੈਅ ਕੀਤੀ ਮੁਲਾਕਾਤ ਨੂੰ ਦੋਬਾਰਾ ਤੈਅ ਕਰਨ ਦੀ ਲੋੜ ਪੈ ਸਕਦੀ ਹੈ। COVID-19 ਵੈਕਸੀਨਾਂ COVID-19 ਦਾ ਇਲਾਜ ਕਰਨ ਲਈ ਅਸਰਦਾਰ ਨਹੀਂ ਹਨ।

ਜੇ ਤੁਹਾਨੂੰ COVID-19 ਵੈਕਸੀਨ ਦੀ ਮੁਲਾਕਾਤ ਤੋਂ 7 ਦਿਨਾਂ ਪਹਿਲਾਂ ਤੁਹਾਨੂੰ ਕੋਈ ਹੋਰ ਵੈਕਸੀਨ ਮਿਲੀ ਹੈ, ਤਾਂ ਆਪਣੇ ਟੀਕਾਕਰਨ ਪ੍ਰਦਾਤਾ ਨੂੰ ਦੱਸੋ। ਤੁਹਾਡਾ ਟੀਕਾਕਰਨ ਪ੍ਰਦਾਤਾ ਤੁਹਾਨੂੰ ਆਪਣੀ ਤੈਅ ਕੀਤੀ ਮੁਲਾਕਾਤ ਨੂੰ ਦੋਬਾਰਾ ਤੈਅ ਕਰਨ ਲਈ ਕਹਿ ਸਕਦਾ ਹੈ।

ਜੇ ਤੁਹਾਨੂੰ ਬੁਖਾਰ ਜਾਂ ਸਾਹ ਪ੍ਰਣਾਲੀ ਦੇ ਕੋਈ ਲੱਛਣ ਨਹੀਂ ਹਨ ਤਾਂ ਤੁਹਾਨੂੰ ਟੀਕਾਕਰਨ ਤੋਂ ਪਹਿਲਾਂ COVID-19 ਵਾਸਤੇ ਟੈਸਟ ਕਰਵਾਉਣ ਦੀ ਲੋੜ ਨਹੀਂ ਹੈ।

## ਦੋ ਖੁਰਾਕਾਂ ਵਾਸਤੇ ਅਗਾਊਂ ਯੋਜਨਾ ਬਣਾਓ

ਇਹ ਮਹੱਤਵਪੂਰਣ ਹੈ ਕਿ ਤੁਸੀਂ ਆਪਣੀ COVID-19 ਵੈਕਸੀਨ ਦੀਆਂ ਦੋ ਖੁਰਾਕਾਂ ਪ੍ਰਾਪਤ ਕਰੋ। ਜੇ ਤੁਸੀਂ COVID-19 ਫਾਈਜ਼ਰ [ਕੋਮੀਰਨਾਟੀ] ਵੈਕਸੀਨ ਲਗਵਾਉਂਦੇ ਹੋ, ਤਾਂ ਇਹਨਾਂ ਦੋ ਖੁਰਾਕਾਂ ਦੇ ਵਿਚਕਾਰ ਘੱਟੋ-ਘੱਟ ਤਿੰਨ ਹਫਤੇ ਦਾ ਫਰਕ ਹੋਣਾ ਚਾਹੀਦਾ ਹੈ। ਜੇ ਤੁਹਾਨੂੰ COVID-19 ਵੈਕਸੀਨ ਐਸਟਰਾਜ਼ੈਨੇਕਾ ਦਿੱਤੀ ਜਾਂਦੀ ਹੈ, ਤਾਂ ਇਹਨਾਂ ਦੋ ਖੁਰਾਕਾਂ ਵਿਚਕਾਰ ਲਗਭਗ 12 ਹਫਤੇ ਦਾ ਫਰਕ ਹੋਣਾ ਚਾਹੀਦਾ ਹੈ। ਕੁਝ ਹਾਲਾਤਾਂ ਵਿੱਚ ਖੁਰਾਕਾਂ ਦੇ ਵਿਚਕਾਰ ਅੰਤਰਾਲ ਨੂੰ 12 ਹਫ਼ਤਿਆਂ ਤੋਂ 4 ਹਫ਼ਤਿਆਂ ਤੱਕ ਘੱਟ ਕਰਨਾ ਠੀਕ ਹੋ ਸਕਦਾ ਹੈ। COVID-19 ਦੇ ਖਿਲਾਫ ਸਰਵੋਤਮ ਸੁਰੱਖਿਆ ਤੁਹਾਡੀ ਦੂਜੀ ਖੁਰਾਕ ਦੇ ਲਗਭਗ ਇਕ ਤੋਂ ਦੋ ਹਫਤਿਆਂ ਬਾਅਦ ਤੱਕ ਨਹੀਂ ਵਾਪਰੇਗੀ।

## ਟੀਕਾਕਰਨ ਦੀ ਤੁਹਾਡੀ ਮੁਲਾਕਾਤ ਦੇ ਮੌਕੇ ਕੀ ਉਮੀਦ ਕਰਨੀ ਹੈ

ਤੁਹਾਨੂੰ ਹੇਠ ਲਿਖਿਆਂ ਨੂੰ ਆਪਣੀ COVID-19 ਟੀਕਾਕਰਨ ਮੁਲਾਕਾਤ ਵਾਸਤੇ ਨਾਲ ਲਿਆਉਣਾ ਚਾਹੀਦਾ ਹੈ:

- ਫੋਟੋ ਪਛਾਣ-ਪੱਤਰ, ਜੇ ਤੁਹਾਡੇ ਕੋਲ ਇੱਕ ਹੈ
- ਜੇ ਤੁਹਾਡੇ ਕੋਲ ਹੈ ਤਾਂ ਮੈਡੀਕੇਅਰ ਕਾਰਡ
- ਕਰਮਚਾਰੀ ਪਛਾਣ-ਪੱਤਰ ਜੇ ਤੁਹਾਨੂੰ ਆਪਣੇ ਕਿੱਤੇ ਕਰਕੇ COVID-19 ਵੈਕਸੀਨ ਮਿਲ ਰਹੀ ਹੈ।
- ਤੁਹਾਡੀਆਂ ਕੋਈ ਵੀ ਡਾਕਟਰੀ ਸਮੱਸਿਆਵਾਂ, ਐਲਰਜੀਆਂ, ਖੂਨ ਵਗਣ ਦੇ ਵਿਕਾਰਾਂ ਜਾਂ ਪ੍ਰਤੀਰੋਧਤਾ ਪ੍ਰਣਾਲੀ ਦੇ ਖਤਰੇ ਬਾਰੇ ਜਾਣਕਾਰੀ (ਜਿਵੇਂ ਕਿ ਕਮਜ਼ੋਰ ਪ੍ਰਤੀਰੋਧਤਾ ਪ੍ਰਣਾਲੀ)
- ਤੁਹਾਡੇ ਵੱਲੋਂ ਲਈਆਂ ਜਾ ਰਹੀਆਂ ਕੋਈ ਵੀ ਦਵਾਈਆਂ ਬਾਰੇ ਜਾਣਕਾਰੀ
- ਪ੍ਰਾਪਤ ਕੀਤੀ ਪਿਛਲੀ COVID-19 ਵੈਕਸੀਨ ਬਾਰੇ ਜਾਣਕਾਰੀ (ਵੈਕਸੀਨ ਬਰਾਂਡ ਅਤੇ ਵੈਕਸੀਨ ਦੀ ਤਾਰੀਖ਼)
- ਕਿਸੇ ਵੀ ਵੈਕਸੀਨ ਵਾਸਤੇ ਤੁਹਾਨੂੰ ਪਿਛਲੇ ਸਮੇਂ ਵਿੱਚ ਹੋਈਆਂ ਪ੍ਰਤੀਕਿਰਿਆਵਾਂ ਬਾਰੇ ਜਾਣਕਾਰੀ
- ਤੁਹਾਡੇ ਵਰਤਮਾਨ ਡਾਕਟਰਾਂ (ਜੀ ਪੀ) ਅਤੇ ਕਿਸੇ ਵੀ ਮਾਹਰ ਡਾਕਟਰਾਂ ਦਾ ਨਾਮ ਜਿੰਨਾਂ ਨੂੰ ਤੁਸੀਂ ਮਿਲਦੇ ਹੋ
- ਚਿਹਰੇ ਤੇ ਪਾਉਣ ਵਾਲਾ ਮਾਸਕ (ਜੇ ਤੁਹਾਡੇ ਰਾਜ/ਕੇਂਦਰੀ ਪ੍ਰਦੇਸ਼ ਦੁਆਰਾ ਲੋੜਿਆ ਜਾਂਦਾ ਹੈ)।

ਤੁਹਾਡੀ ਮੁਲਾਕਾਤ ਮੌਕੇ, ਤੁਸੀਂ COVID-19 ਟੀਕਾਕਰਨ ਬਾਰੇ ਆਪਣੇ ਕਿਸੇ ਵੀ ਸਵਾਲਾਂ ਬਾਰੇ ਆਪਣੇ ਟੀਕਾਕਰਨ ਪ੍ਰਦਾਤਾ ਨਾਲ ਵਿਚਾਰ-ਵਟਾਂਦਰਾ ਕਰਨ ਦੇ ਯੋਗ ਹੋਵੋਗੇ।

ਜੇ ਤੁਸੀਂ 60 ਸਾਲ ਤੋਂ ਘੱਟ ਉਮਰ ਦੇ ਹੋ, ਜੇ ਤੁਹਾਨੂੰ ਕੋਈ ਡਾਕਟਰੀ ਸਮੱਸਿਆਵਾਂ ਹਨ ਜਾਂ ਜੇ ਤੁਸੀਂ ਕੋਈ ਦਵਾਈਆਂ ਲੈ ਰਹੇ ਹੋ ਤਾਂ ਆਪਣੇ ਟੀਕਾਕਰਨ ਪ੍ਰਦਾਤਾ ਨੂੰ ਦੱਸੋ। ਖਾਸ ਕਰਕੇ ਉਹਨਾਂ ਨੂੰ ਦੱਸਣਾ ਯਕੀਨੀ ਬਣਾਓ ਜੇ ਤੁਹਾਨੂੰ:

- COVID-19 ਵੈਕਸੀਨ ਦੀ ਪਿਛਲੀ ਖੁਰਾਕ ਜਾਂ ਵੈਕਸੀਨ ਦੇ ਕਿਸੇ ਅੰਸ਼ ਪ੍ਰਤੀ ਐਲਰਜੀ ਵਾਲੀ ਪ੍ਰਤੀਕਿਰਿਆ ਹੋਈ ਸੀ
- ਹੋਰਨਾਂ ਵੈਕਸੀਨਾਂ ਜਾਂ ਹੋਰ ਦਵਾਈਆਂ ਦੇ ਕਾਰਣ ਐਨਾਫਾਈਲੈਕਸਿਸ (ਤੀਬਰ ਐਲਰਜੀ ਵਾਲੀ ਪ੍ਰਤੀਕਿਰਿਆ) ਹੋਈ ਸੀ
- ਕੋਈ ਹੋਰ ਗੰਭੀਰ ਮਾੜੀ ਘਟਨਾ ਜੋ ਕਿ ਮਾਹਿਰਾਂ ਦੀ ਸਮੀਖਿਆ ਤੋਂ ਬਾਅਦ COVID-19 ਟੀਕੇ ਦੀ ਪਿਛਲੀ ਖੁਰਾਕ ਦੇ ਕਾਰਨ ਹੋਈ ਸੀ
- ਵਾਰ-ਵਾਰ ਐਨਾਫਾਈਲੈਕਸਿਸ ਹੋਣ ਦੇ ਨਾਲ ਪੁਸ਼ਟੀ ਹੋ ਚੁੱਕੇ ਮਾਸਟੋਸਾਈਟੋਸਿਸ ਦਾ ਇਤਿਹਾਸ ਹੈ ਜਿਸਦੇ ਲਈ ਇਲਾਜ ਦੀ ਲੋੜ ਪੈਂਦੀ ਹੈ
- ਕਦੇ ਵੀ ਕੋਸ਼ਿਕਾ ਲੀਕ ਸਿੰਡਰੋਮ ਦਾ ਜਾਂਚ ਵਿੱਚ ਪਤਾ ਲਗਾਇਆ ਗਿਆ ਹੈ
- ਕੋਵਿਡ -19 ਟੀਕੇ ਦੀ ਪਿਛਲੀ ਖੁਰਾਕ ਦੇ ਬਾਅਦ, ਥ੍ਰੌਂਬੋਸਾਈਟੋਪੇਨੀਆ ਦੇ ਨਾਲ, ਜਿਸ ਵਿੱਚ ਜਾਂਚ ਵਿੱਚ ਪਤਾ ਕੀਤੀ ਗਈ ਥ੍ਰੌਂਬੋਟਿਕ ਥ੍ਰੌਂਸਾਈਟੋਪੈਨਿਕ ਸਿੰਡਰੋਮ (TTS) ਸ਼ਾਮਲ ਹੈ, ਦੇ ਨਾਲ ਕਦੇ ਵੀ ਵੱਡੀ ਨਾੜੀ ਅਤੇ/ਜਾਂ ਧਮਣੀਦਾਰ ਥ੍ਰੋਂਬੋਸਿਸ ਹੋਇਆ ਹੈ
- ਹੈਪੇਰੀਨ ਤੋਂ ਪ੍ਰੇਰਿਤ ਥ੍ਰੌਂਬੋਸਾਈਟੋਪੇਨੀਆ (HIT), ਕੇਂਦਰੀ ਨਾੜੀ ਸਾਈਨਸ ਥ੍ਰੋਂਬੋਸਿਸ (CVST), ਪੇਟ ਦੀਆਂ ਨਾੜੀਆਂ (ਖ਼ੂਨ ਦੀਆਂ ਨਾੜੀਆਂ) ਵਿੱਚ ਖ਼ੂਨ ਦੇ ਗਤਲੇ ਜਾਂ ਖ਼ੂਨ ਦੇ ਗਤਲੇ ਨਾਲ ਜੁੜੇ ਐਂਟੀਫੋਸਫੋਲਿਪੀਡ ਸਿੰਡਰੋਮ ਦਾ ਇਤਿਹਾਸ ਹੈ
- ਮਾਇਓਕਾਰਡੀਟਿਸ ਅਤੇ/ਜਾਂ ਪੈਰੀਕਾਰਡੀਟਿਸ ਸੀ
- ਇਸ ਵੇਲੇ ਜਾਂ ਹਾਲ ਹੀ ਵਿੱਚ ਗਠੀਏ ਕਾਰਨ ਤੇਜ਼ ਬੁਖਾਰ ਜਾਂ ਐਂਡੋਕਾਰਡੀਟਿਸ ਹੈ
- ਜਮਾਂਦਰੂ ਦਿਲ ਦੀ ਬਿਮਾਰੀ ਹੈ
- ਡਿਲਾਟੇਡ ਕਾਰਡੀਓਮਾਓਪੈਥੀ (30 ਸਾਲ ਤੋਂ ਘੱਟ ਉਮਰ ਦੇ ਲੋਕਾਂ ਲਈ)
- ਗੰਭੀਰ ਦਿਲ ਦਾ ਦੌਰਾ
- ਦਿਲ ਟ੍ਰਾਂਸਪਲਾਂਟ ਦੇ ਪ੍ਰਾਪਤਕਰਤਾ ਹਨ
- ਖ਼ੂਨ ਵਗਣ ਦਾ ਵਿਕਾਰ ਹੈ ਜਾਂ ਐਂਟੀਕੋਗੁਲੈਂਟ ਥਰੈਪੀ (ਖ਼ੂਨ ਪਤਲਾ ਕਰਨ ਵਾਲੀ) ਮਿਲ ਰਹੀ ਹੈ
- ਗਰਭਵਤੀ ਹੋ
- ਕੀ ਪ੍ਰਤੀਰੋਧਤਾ ਪ੍ਰਣਾਲੀ ਕਮਜ਼ੋਰੀ ਵਾਲੀ ਹੈ (ਯਾਨੀ ਕਿ ਪ੍ਰਤੀਰੋਧਤਾ ਪ੍ਰਣਾਲੀ ਕਮਜ਼ੋਰ ਹੈ ਜਾਂ ਪ੍ਰਤੀਰੋਧਤਾ ਨੂੰ ਦਬਾਉਣ ਵਾਲੀ ਦਵਾਈ ਲੈ ਰਹੇ ਹੋ)
- ਪਹਿਲਾਂ COVID-19 ਨਾਲ ਬਿਮਾਰ ਹੋ ਚੁੱਕੇ ਹੋ, ਜਾਂ COVID-19 ਤੋਂ ਲਗਾਤਾਰ ਬਿਮਾਰ ਚੱਲ ਰਹੇ ਹੋ
- ਕੋਈ ਹੋਰ COVID-19 ਵੈਕਸੀਨ (ਅਤੇ ਕਿਹੜਾ ਬਰਾਂਡ) ਮਿਲਿਆ ਹੈ
- ਪਿਛਲੇ 7 ਦਿਨਾਂ ਵਿੱਚ ਕੋਈ ਵੀ ਵੈਕਸੀਨ ਮਿਲਿਆ ਹੈ

ਕੁਝ ਕੁ ਹਾਲਤਾਂ ਵਿੱਚ, ਟੀਕਾਕਰਨ ਵਾਸਤੇ ਮਿਲਣ ਦਾ ਸਮਾਂ ਲੈਣ ਤੋਂ ਪਹਿਲਾਂ ਆਪਣੇ ਸਿਹਤ-ਸੰਭਾਲ ਪ੍ਰਦਾਤਾ ਨਾਲ ਟੀਕਾਕਰਨ ਬਾਰੇ ਵਿਚਾਰ-ਵਟਾਂਦਰਾ ਕਰਨਾ ਬਿਹਤਰ ਹੋ ਸਕਦਾ ਹੈ। ਤੁਸੀਂ ਤੁਹਾਨੂੰ ਲਗਾਏ ਜਾ ਰਹੇ ਕਿਸੇ ਵਿਸ਼ੇਸ਼ ਵੈਕਸੀਨ ਬਾਰੇ ਜਾਣਕਾਰੀ ਵੀ ਪੜ੍ਹ ਸਕਦੇ ਹੋ:

- COVID-19 ਫਾਈਜ਼ਰ (ਕੋਮੀਰਨਾਟੀ) ਵੈਕਸੀਨ ਬਾਰੇ ਜਾਣਕਾਰੀ, ਜਾਂ
- COVID-19 ਐਸਟਰਾਜੈਨੇਕਾ ਵੈਕਸੀਨ ਬਾਰੇ ਜਾਣਕਾਰੀ

## ਤੁਸੀਂ ਵੈਕਸੀਨ ਕਿਵੇਂ ਪ੍ਰਾਪਤ ਕਰੋਗੇ

ਤੁਸੀਂ ਟੀਕੇ ਵਜੋਂ ਵੈਕਸੀਨ ਪ੍ਰਾਪਤ ਕਰੋਗੇ, ਜੋ ਕਿ ਆਮ ਤੌਰ ਤੇ ਤੁਹਾਡੇ ਡੌਲੇ ਦੀ ਮਾਸਪੇਸ਼ੀ ਵਿੱਚ ਲਗਾਇਆ ਜਾਂਦਾ ਹੈ। ਟੀਕਾਕਰਨ ਦੇ ਬਾਅਦ ਘੱਟੋ ਘੱਟ 15 ਮਿੰਟਾਂ ਵਾਸਤੇ ਤੁਹਾਨੂੰ ਟੀਕਾਕਰਨ ਵਾਲੇ ਕਲੀਨਿਕ ਵਿੱਚ ਰਹਿਣਾ ਚਾਹੀਦਾ ਹੈ। ਤੁਹਾਡੇ ਡਾਕਟਰੀ ਇਤਿਹਾਸ ਉੱਤੇ ਨਿਰਭਰ ਕਰਨ ਅਨੁਸਾਰ, ਤੁਹਾਨੂੰ ਕਲੀਨਿਕ ਵਿੱਚ 30 ਮਿੰਟਾਂ ਵਾਸਤੇ ਉਡੀਕ ਕਰਨ ਲਈ ਕਿਹਾ ਜਾ ਸਕਦਾ ਹੈ।

## ਤੁਹਾਡੀ ਮੁਲਾਕਾਤ ਮੌਕੇ ਤੁਹਾਡੇ ਵੱਲੋਂ ਪ੍ਰਦਾਨ ਕੀਤੀ ਜਾਣਕਾਰੀ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ?

ਤੁਹਾਡੇ ਨਿੱਜੀ ਵੇਰਵਿਆਂ ਨੂੰ ਕਿਵੇਂ ਇਕੱਠਾ ਕੀਤਾ ਜਾਂਦਾ ਹੈ, ਸੰਭਾਲਿਆ ਜਾਂਦਾ ਹੈ ਅਤੇ ਵਰਤਿਆ ਜਾਂਦਾ ਹੈ, ਇਸ ਬਾਰੇ ਜਾਣਕਾਰੀ ਵਾਸਤੇ https://www.health.gov.au/using-our-websites/privacy/privacy-notice-for-covid-19-vaccinations ਉੱਤੇ ਜਾਓ।